## ਤਿਆਰ ਰਹੋ, ਸੁਰੱਖਿਅਤ ਰਹੋ

ਜਦੋਂ 2025 ਵਿੱਚ ਸਾਬਕਾ ਖੰਡੀ ਚੱਕਰਵਾਤ ਐਲਫ੍ਰੈੱਡ ਸਾਡੇ ਖੇਤਰ ਵਿੱਚੋਂ ਲੰਘਿਆ ਸੀ, ਤਾਂ ਇਸ ਨੇ ਦਿਖਾਇਆ ਸੀ ਕਿ ਗੰਭੀਰ ਮੌਸਮ ਭਾਰੀ ਬਾਰਿਸ਼ ਅਤੇ ਹੜ੍ਹਾਂ ਤੋਂ ਲੈ ਕੇ ਬਿਜਲੀ ਬੰਦ ਹੋਣ ਤੱਕ, ਕਿੰਨੀ ਜਲਦੀ ਭਾਈਚਾਰਿਆਂ ਦੀ ਆਮ ਜ਼ਿੰਦਗੀ ਵਿੱਚ ਵਿਘਨ ਪਾ ਸਕਦਾ ਹੈ। ਯੋਜਨਾ ਬਣਾਉਣਾ, ਆਪਣੇ ਖ਼ਤਰਿਆਂ ਨੂੰ ਜਾਣਨਾ, ਅਤੇ ਸੂਚਿਤ ਰਹਿਣ ਵਰਗੇ ਸਧਾਰਨ ਕੰਮ, ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਕਰ ਸਕਦੇ ਹਨ।

## ਐਮਰਜੈਂਸੀ ਸੰਪਰਕ ਨੰਬਰ

| | |
|---|---|
| **ਪੁਲਿਸ, ਅੱਗ, ਐਂਬੂਲੈਂਸ**<br>ਸਿਰਫ਼ ਜਾਨਲੇਵਾ ਐਮਰਜੈਂਸੀਆਂ ਲਈ | 000 |
| **SES**<br>ਟੁੱਟੀ ਹੋਈ ਛੱਤ, ਡਿੱਗੇ ਹੋਏ ਦਰੱਖਤ | 132 500 |
| **ENERGEX**<br>ਬਿਜਲੀ ਦੀ ਗੰਭੀਰ ਸਥਿਤੀ ਦੀ ਰਿਪੋਰਟ ਕਰਨਾ (ਜਿਵੇਂ ਕਿ ਬਿਜਲੀ ਦੀਆਂ ਡਿੱਗੀਆਂ ਹੋਈਆਂ ਲਾਈਨਾਂ) | 131 962 |
| **ENERGEX**<br>ਬਿਜਲੀ ਚਲੇ ਜਾਣ ਅਤੇ ਸਪਲਾਈ ਦੇ ਮੁੱਦੇ | 136 262 |
| **ਲਾਈਫ਼-ਲਾਈਨ**<br>ਸੰਕਟ ਵੇਲੇ ਸਹਾਇਤਾ | 131 114 |
| **ਕੁਈਨਜ਼ਲੈਂਡ ਹੈਲਥ**<br>ਗ਼ੈਰ-ਜ਼ਰੂਰੀ ਸਿਹਤ ਸਲਾਹ ਲਈ | 13 43 25 84 |
| **ਪੁਲਿਸ ਲਿੰਕ**<br>ਪੁਲਿਸ ਸਹਾਇਤਾ (ਜਾਨ ਨੂੰ ਖ਼ਤਰੇ ਵਿੱਚ ਨਾ ਪਾਉਣ ਵਾਲੇ ਹਾਲਾਤ)। | 131 444 |

## ਭਰੋਸੇਯੋਗ ਸੋਸ਼ਲ ਮੀਡੀਆ ਸਰੋਤ

- Facebook @LockyerValleyRegionalCouncil
- Facebook @bureauofmeteorology
- Facebook @qldfiredepartment
- Facebook @QueenslandPolice

## ਵਧੇਰੇ ਜਾਣਕਾਰੀ ਲਈ

www.lockyervalley.qld.gov.au

1300 005 872

mailbox@lvrc.qld.gov.au

ਇਸ ਪ੍ਰੋਗਰਾਮ ਨੂੰ ਆਸਟ੍ਰੇਲੀਆ ਅਤੇ ਕੁਈਨਜ਼ਲੈਂਡ ਸਰਕਾਰਾਂ ਦੁਆਰਾ ਆਫ਼ਤ ਮੁੜ-ਬਹਾਲੀ (ਰਿਕਵਰੀ) ਫੰਡਿੰਗ ਦੇ ਪ੍ਰਬੰਧਾਂ ਅਧੀਨ ਸਾਂਝੇ ਤੌਰ 'ਤੇ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ। ਹਾਲਾਂਕਿ ਇਸ ਉਤਪਾਦ ਲਈ ਮਾਲੀ ਸਹਾਇਤਾ ਆਸਟ੍ਰੇਲੀਆ ਅਤੇ ਕੁਈਨਜ਼ਲੈਂਡ ਸਰਕਾਰਾਂ ਦੋਵਾਂ ਦੁਆਰਾ ਪ੍ਰਦਾਨ ਕੀਤੀ ਗਈ ਹੈ, ਇਸ ਵਿੱਚ ਸ਼ਾਮਲ ਸਮੱਗਰੀ ਜ਼ਰੂਰੀ ਤੌਰ 'ਤੇ ਕਿਸੇ ਵੀ ਸਰਕਾਰੀ ਯੋਜਨਾ ਦੇ ਵਿਚਾਰਾਂ ਨੂੰ ਨਹੀਂ ਦਰਸਾਉਂਦੀ ਹੈ

## ਸੂਚਿਤ ਰਹੋ

**ਆਫ਼ਤ ਡੈਸ਼ਬੋਰਡ**

disaster.lvrc.qld.gov.au

Punjabi | ਪੰਜਾਬੀ

# ਤਿਆਰ ਰਹਿਣ ਲਈ ਯੋਜਨਾ ਬਣਾਓ

ਆਫ਼ਤਾਂ ਕਿਸੇ ਵੀ ਸਮੇਂ ਆ ਸਕਦੀਆਂ ਹਨ



Australian Government

Queensland Government

Lockyer Valley REGIONAL COUNCIL

## ਖ਼ਤਰਿਆਂ ਨੂੰ ਜਾਣੋ

- ਆਪਣੇ ਸਥਾਨਕ ਖ਼ਤਰਿਆਂ ਨੂੰ ਸਮਝੋ ਅਤੇ ਉਹ ਤੁਹਾਨੂੰ ਕਿਵੇਂ ਪ੍ਰਭਾਵਿਤ ਕਰ ਸਕਦੇ ਹਨ
- ਜਦੋਂ ਕਿ ਜ਼ਿਆਦਾਤਰ ਖ਼ਤਰਿਆਂ ਵਿੱਚ ਸਿਖਰ ਵਾਲੀ ਗਤੀਵਿਧੀ ਦਾ ਸਮਾਂ ਹੁੰਦਾ ਹੈ, ਪਰ ਸੰਤੁਸ਼ਟ ਨਾ ਹੋ ਜਾਵੋ, ਆਫ਼ਤਾਂ ਕਿਸੇ ਵੀ ਸਮੇਂ ਵਾਪਰ ਸਕਦੀਆਂ ਹਨ।
- ਲੌਕੀਅਰ ਵੈਲੀ ਵਿੱਚ ਮੁੱਖ ਖ਼ਤਰੇ ਅੱਗਾਂ, ਹੜ੍ਹ, ਤੂਫ਼ਾਨ ਅਤੇ ਗਰਮੀ ਦੀ ਲਹਿਰਾਂ ਹਨ।

## ਇੱਕ ਯੋਜਨਾ ਬਣਾਓ

- ਇੱਕ ਘਰੇਲੂ ਐਮਰਜੈਂਸੀ ਯੋਜਨਾ ਬਣਾਓ ਕਿ ਤੁਸੀਂ ਖ਼ਤਰਿਆਂ ਦੇ ਪ੍ਰਭਾਵ ਨਾਲ ਸਿੱਝਣ ਲਈ ਕਿਵੇਂ ਕਾਰਵਾਈ ਕਰੋਗੇ।
- ਆਪਣੇ ਘਰ ਦੇ ਹਰੇਕ ਜੀਅ ਨੂੰ ਸ਼ਾਮਲ ਕਰੋ
- ਆਪਣੀ ਯੋਜਨਾ ਲਿਖੋ ਅਤੇ ਇਸਨੂੰ ਤਾਜ਼ਾ ਬਣਾਈ ਰੱਖਣ ਲਈ ਬਾਕਾਇਦਾ ਇਸ ਦੀ ਜਾਂਚ ਕਰੋ।
- ਜਾਨਵਰਾਂ ਅਤੇ ਪਾਲਤੂ ਜਾਨਵਰਾਂ ਲਈ ਕੋਈ ਵੀ ਵਿਸ਼ੇਸ਼ ਜ਼ਰੂਰਤਾਂ ਅਤੇ ਯੋਜਨਾਵਾਂ ਨੂੰ ਸ਼ਾਮਲ ਕਰੋ।

## ਇੱਕ ਕਿੱਟ ਪੈਕ ਕਰੋ

ਇੱਕ ਐਮਰਜੈਂਸੀ ਕਿੱਟ ਵਿੱਚ ਐਮਰਜੈਂਸੀ ਦੌਰਾਨ ਕਈ ਦਿਨਾਂ ਤੱਕ ਜਿਉਂਦੇ ਰਹਿਣ ਵਿੱਚ ਮਦਦ ਕਰਨ ਲਈ ਬੁਨਿਆਦੀ ਚੀਜ਼ਾਂ ਹੁੰਦੀਆਂ ਹਨ।

ਨਿਕਾਸੀ ਕਿੱਟਾਂ ਵਿੱਚ ਉਹ ਵਾਧੂ ਚੀਜ਼ਾਂ ਹੁੰਦੀਆਂ ਹਨ, ਜੋ ਤੁਹਾਨੂੰ ਆਪਣੇ ਨਾਲ ਲੈ ਕੇ ਜਾਣੀਆਂ ਚਾਹੀਦੀਆਂ ਹਨ, ਜੇਕਰ ਤੁਹਾਨੂੰ ਆਪਣਾ ਘਰ ਛੱਡ ਕੇ ਜਾਣ ਦੀ ਲੋੜ ਹੈ।

## ਆਪਣੀ ਐਮਰਜੈਂਸੀ ਕਿੱਟ ਵਿੱਚ ਕੀ ਕੁਝ ਪਾਉਣਾ ਹੈ

PASS

- ਐਮਰਜੈਂਸੀ ਸੰਪਰਕ ਨੰਬਰਾਂ ਵਾਲੀ ਘਰੇਲੂ ਐਮਰਜੈਂਸੀ ਯੋਜਨਾ।
- ਪਛਾਣ ਦੇ ਦਸਤਾਵੇਜ਼
(ਜਿਵੇਂ ਕਿ ਪਾਸਪੋਰਟ, ਜਨਮ ਦਾ ਸਰਟੀਫ਼ਿਕੇਟ, ਆਦਿ)
- ਵਿਸ਼ੇਸ਼ ਫ਼ੋਟੋਆਂ ਦੀਆਂ ਕਾਪੀਆਂ
(ਸੁਝਾਅ: ਵਿਸ਼ੇਸ਼ ਫ਼ੋਟੋਆਂ ਅਤੇ ਮਹੱਤਵਪੂਰਨ ਫ਼ਾਈਲਾਂ ਨੂੰ ਕਲਾਊਡ 'ਤੇ ਅੱਪਲੋਡ ਕਰਕੇ ਸੁਰੱਖਿਅਤ ਰੱਖਿਆ ਜਾ ਸਕਦਾ ਹੈ)

- ਮੈਡੀਕੇਅਰ ਅਤੇ ਪੈਨਸ਼ਨ ਕਾਰਡ ਦੇ ਵੇਰਵੇ
- ਮੌਜੂਦਾ ਦਵਾਈਆਂ ਅਤੇ ਤਜਵੀਜ਼ ਕੀਤੀਆਂ ਦਵਾਈਆਂ ਦੀਆਂ ਪਰਚੀਆਂ ਦੀ ਸੂਚੀ
- ਪਰਿਵਾਰ ਅਤੇ ਪਾਲਤੂ ਜਾਨਵਰਾਂ ਦੇ ਮੈਡੀਕਲ ਰਿਕਾਰਡ

- ਬੈਂਕ ਖਾਤਾ ਅਤੇ ਕ੍ਰੈਡਿਟ ਕਾਰਡ ਦੇ ਵੇਰਵੇ
- ਕੁਝ ਨਕਦੀ
- ਬੀਮੇ ਦੇ ਕਾਗਜ਼ਾਤ ਜਾਂ ਪਾਲਿਸੀ ਨੰਬਰਾਂ ਦੀ ਸੂਚੀ ਅਤੇ ਬੀਮਾਕਰਤਾ ਦੇ ਸੰਪਰਕ ਵੇਰਵੇ (ਘਰੇਲੂ ਚੀਜ਼ਾਂ ਦੀ ਸੂਚੀ ਸ਼ਾਮਲ ਕਰੋ)।

## ਜੁੜੇ ਰਹੋ ਅਤੇ ਕਾਰਵਾਈ ਕਰੋ

ਆਪਣੇ ਗੁਆਂਢੀਆਂ ਨੂੰ ਜਾਣੋ ਅਤੇ ਆਪਣੀਆਂ ਐਮਰਜੈਂਸੀ ਯੋਜਨਾਵਾਂ ਬਾਰੇ ਗੱਲ ਕਰੋ।

ਭਰੋਸੇਯੋਗ ਜਾਣਕਾਰੀ ਕਿੱਥੋਂ ਲੱਭਣੀ ਹੈ, ਇਹ ਜਾਣ ਕੇ ਸੂਚਿਤ ਰਹੋ ਤਾਂ ਜੋ ਤੁਸੀਂ ਢੁੱਕਵੀਂ ਕਾਰਵਾਈ ਕਰ ਸਕੋ।

## ਜੁੜੇ ਰਹਿਣ ਲਈ ਸੰਦ

### ਆਫ਼ਤ ਡੈਸ਼ਬੋਰਡ

ਮੌਸਮ ਦੀ ਚੇਤਾਵਨੀ, ਸੜਕ 'ਤੇ ਪੈਣ ਵਾਲੇ ਪ੍ਰਭਾਵਾਂ, ਬਿਜਲੀ ਬੰਦ ਹੋਣ ਅਤੇ ਹੋਰ ਬਹੁਤ ਕੁਝ ਬਾਰੇ ਅਸਲ-ਸਮੇਂ ਦੀਆਂ ਤਾਜ਼ਾ ਜਾਣਕਾਰੀਆਂ।

- disaster.lvrc.qld.gov.au

### ਮੌਸਮ ਸੰਬੰਧੀ ਸੂਚਨਾਵਾਂ

ਚੇਤਾਵਨੀ ਦੀਆਂ ਸੂਚਨਾਵਾਂ ਹਾਸਲ ਕਰਨ ਲਈ ਮੌਸਮ ਵਿਗਿਆਨ ਬਿਊਰੋ ਦੇ BOM ਐਪ ਲਈ ਸਾਈਨ-ਅੱਪ ਕਰੋ। ਇਹ ਸੰਭਾਵੀ ਖ਼ਤਰਿਆਂ ਬਾਰੇ ਜਾਣੂ ਰਹਿਣ ਵਿੱਚ ਤੁਹਾਡੀ ਮਦਦ ਕਰਨ ਲਈ, ਆਫ਼ਤ ਡੈਸ਼ਬੋਰਡ ਜਾਂ ਬਿਊਰੋ ਦੀ ਵੈੱਬਸਾਈਟ ਰਾਹੀਂ ਕੀਤਾ ਜਾ ਸਕਦਾ ਹੈ।

### ਰੇਡੀਓ

ਐਮਰਜੈਂਸੀ ਦੀਆਂ ਤਾਜ਼ਾ ਜਾਣਕਾਰੀਆਂ ਲਈ ਰੇਡੀਓ ਸੁਣੋ:

- ABC 612 (ਬ੍ਰਿਜ਼ਬੇਨ)
- ABC 747 (ਦੱਖਣੀ ਕੁਈਨਜ਼ਲੈਂਡ)
- ਰਿਵਰ 949 FM